Punjab Government Gazette

Published by Authority

No. 47] CHANDIGARH, FRIDAY, NOVEMBER 21, 2025 (KRTIKA 30, 1947 SAKA)

PART III

Notifications by High Court ; Labour Commissioner ; Advertisements ;

Director of Lotteries, Punjab and Notices, etc.

ਕਿਰਤ ਵਿਭਾਗ, ਪੰਜਾਬ

ਦਫ਼ਤਰ, ਕਿਰਤ ਕਮਿਸ਼ਨਰ, ਪੰਜਾਬ

ਅਧਿਸੂਚਨਾਂ

ਮਿਤੀ 14 ਨਵੰਬਰ, 2025

ਨੰ. (ਵ/ਲ–2)/2025/21953.– ਕਿਉਂ ਜੋ ਉਦਯੋਗਿਕ ਵਿਵਾਦ ਐਕਟ, 1947 ਸੈਂਟਰਲ ਐਕਟ ਨੰ. 14/1947 ਦੇ ਪਹਿਲੇ ਅਨੂਛੇਦ ਵਿੱਚ ਸ਼ੂਗਰ ਇੰਡਸਟ੍ਰੀਜ਼ ਨੂੰ ਖੰਡ ਬਣਾਉਣ, ਵੇਚਣ ਅਤੇ ਵਿਤਰਣ ਲਈ ''ਫੂਡ ਸਟਫਸ'' ਨੂੰ ਲੋਕ ਉਪਯੋਗੀ ਸੇਵਾ ਘੋਸ਼ਿਤ ਕੀਤਾ ਹੋਇਆ ਹੈ।

2. ਜਿਵੇਂ ਕਿ ਲੋਕ ਹਿੱਤ ਵਿੱਚ ਸ਼ੂਗਰ ਇੰਡਸਟ੍ਰੀਜ ਵੱਲੋਂ ਖੰਡ ਬਣਾਉਣ ਨੂੰ ਉਕਤ ਐਕਟ ਦੇ ਮੰਤਵ ਲਈ ਲੋਕ ਉਪਯੋਗੀ ਸੇਵਾ ਘੋਸ਼ਿਤ ਕਰਨ ਦੀ ਜ਼ਰੂਰਤ ਹੈ।

3. ਹੁਣ ਇਸ ਲਈ ਉਦਯੋਗਿਕ ਵਿਵਾਦ ਐਕਟ, 1947 ਦੀ ਧਾਰਾ–2 ਦੇ ਖੰਡ (ਐਨ) ਦੇ ਉਪ ਖੰਡ (vi) ਅਧੀਨ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ.ਐਸ.ਐਸ.ਓ.88/ਸੀ.ਏ/14/1947/ਐਸ–39/2012 ਮਿਤੀ 26.10.2012 ਰਾਹੀਂ ਦਿੱਤੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਉਕਤ ਐਕਟ ਦੇ ਮੰਤਵ ਅਨੁਸਾਰ ਸ਼ੂਗਰ ਇੰਡਸਟ੍ਰੀਜ਼ ਨੂੰ ਅਧਿਸੂਚਨਾ ਦੇ ਸਰਕਾਰੀ ਗਜ਼ਟ ਵਿੱਚ ਛੱਪਣ ਦੀ ਮਿਤੀ ਤੋਂ ਅਗਲੇ 6 ਮਹੀਨਿਆਂ ਲਈ ਲੋਕ ਉਪਯੋਗੀ ਸੇਵਾ ਕਰਾਰ ਦਿੰਦੀ ਹੈ।

ਮੋਨਾ ਪੂਰੀ,

ਮਿਤੀ 12 ਨਵੰਬਰ, 2025 ਵਧੀਕ ਕਿਰਤ ਕਮਿਸ਼ਨਰ, ਪੰਜਾਬ।

3557/11-2025/Pb. Govt. Press, S.A.S. Nagar